# ਵਸੀਅਤ ਕਰਨ ਬਾਰੇ ਤੁਹਾਡੇ ਲਈ ਜਾਣਕਾਰੀ

The Law Society

## ਵਸੀਅਤ ਕਿਹਨੂੰ ਕਰਨੀ ਚਾਹੀਦੀ ਹੈ

ਜੇ ਤੁਹਾਨੂੰ ਇਸ ਗੱਲ ਦਾ ਖ਼ਿਆਲ ਹੈ ਕਿ ਤੁਹਾਡੀ ਮੌਤ ਤੋਂ ਬਾਅਦ ਤੁਹਾਡੀ ਜਾਇਦਾਦ ਦਾ ਕੀ ਬਣੇਗਾ, ਤਾਂ ਤੁਹਾਨੂੰ ਵਸੀਅਤ ਕਰਨੀ ਚਾਹੀਦੀ ਹੈ। ਜੇ ਵਸੀਅਤ ਨਾ ਹੋਵੇ, ਤਾਂ ਇਹ ਫ਼ੈਸਲਾ ਸਰਕਾਰ ਕਰਦੀ ਹੈ ਕਿ ਕਿਹਨੂੰ ਕੀ ਮਿਲੇਗਾ, ਅਤੇ ਇਸ ਕਰਕੇ ਅਜਿਹਾ ਹੋ ਸਕਦਾ ਹੈ ਕਿ ਤੁਹਾਡੇ ਦੋਸਤਾਂ, ਮਨਪਸੰਦ ਚੈਰਿਟੀਆਂ ਅਤੇ ਰਿਸ਼ਤੇਦਾਰਾਂ ਨੂੰ ਕੁਝ ਵੀ ਨਾ ਮਿਲੇ।

ਜੇ ਤੁਹਾਡੇ ਸਾਥੀ ਨਾਲ ਤੁਹਾਡਾ ਵਿਆਹ ਨਹੀਂ ਹੋਇਆ ਜਾਂ ਤੁਸੀਂ ਆਪਣੀ ਸਿਵਿਲ ਪਾਰਟਨਰਸ਼ਿਪ (ਕਾਨੂੰਨੀ ਰਿਸ਼ਤਾ ਜਿਹਦੇ ਰਾਹੀਂ ਸਮਲਿੰਗੀ ਸਾਥੀਆਂ ਨੂੰ ਵਿਆਹੁਤਾ ਜੋੜੇ ਵਾਲੇ ਹੱਕ ਮਿਲਦੇ ਹਨ) ਨੂੰ ਰਜਿਸਟਰ ਨਹੀਂ ਕਰਵਾਇਆ, ਤਾਂ ਵਸੀਅਤ ਕਰਨਾ ਖ਼ਾਸ ਤੌਰ ’ਤੇ ਜ਼ਰੂਰੀ ਹੁੰਦਾ ਹੈ। ਕਾਰਣ ਇਹ ਹੈ ਕਿ ਕਾਨੂੰਨ ਆਪਣੇ ਆਪ ਹੀ ਅਜਿਹੇ ਸਹਿਵਾਸੀਆਂ (ਪਤੀ ਪਤਨੀ ਵਾਂਗ ਰਹਿਣ ਵਾਲੇ ਸਾਥੀਆਂ) ਨੂੰ ਪਤੀ ਜਾਂ ਪਤਨੀ ਜਾਂ ਸਿਵਿਲ ਪਾਰਟਨਰਾਂ ਵਾਲੇ ਹੱਕ ਨਹੀਂ ਦਿੰਦਾ। ਨਤੀਜਾ ਇਹ ਹੁੰਦਾ ਹੈ ਕਿ ਭਾਵੇਂ ਤੁਸੀਂ ਕਈ ਸਾਲ ਇਕੱਠੇ ਵੀ ਰਹਿੰਦੇ ਰਹੇ ਹੋਵੋ, ਪਰ ਜੇ ਤੁਸੀਂ ਵਸੀਅਤ ਨਹੀਂ ਕੀਤੀ ਤਾਂ ਹੋ ਸਕਦਾ ਹੈ ਕਿ ਤੁਹਾਡੇ ਸਹਿਵਾਸੀ ਸਾਥੀ ਨੂੰ ਕੁਝ ਵੀ ਨਾ ਮਿਲੇ।

ਜੇ ਤੁਹਾਡੇ ਬੱਚੇ ਜਾਂ ਤੁਹਾਡੇ ’ਤੇ ਨਿਰਭਰ ਹੋਰ ਲੋਕ ਹਨ ਜੋ ਆਪਣੀ ਸੰਭਾਲ ਖ਼ੁਦ ਨਹੀਂ ਕਰ ਸਕਦੇ, ਤਦ ਵੀ ਵਸੀਅਤ ਕਰਨਾ ਬਹੁਤ ਜ਼ਰੂਰੀ ਹੈ। ਵਸੀਅਤ ਤੋਂ ਬਿਨਾਂ ਇਹ ਗੱਲ ਨਿਸ਼ਚਿਤ ਨਹੀਂ ਰਹੇਗੀ ਕਿ ਤੁਹਾਡੇ ਮਰਨ ਮਗਰੋਂ ਉਹਨਾਂ ਦਾ ਖ਼ਰਚ ਕੌਣ ਦੇਵੇਗਾ।

ਤੁਹਾਡਾ ਸੋਲਿਸਟਰ ਤੁਹਾਨੂੰ ਇਹ ਜਾਣਕਾਰੀ ਵੀ ਦੇ ਸਕਦਾ ਹੈ ਕਿ ਤੁਹਾਡੀ ਜਾਇਦਾਦ ’ਤੇ ਲੱਗਣ ਵਾਲੇ ਇਨਹੈਰੀਟੈਂਸ ਟੈਕਸ ਦਾ ਕੀ ਅਸਰ ਪਾਏਗਾ।

**ਹੇਠ ਲਿਖੀਆਂ ਹਾਲਤਾਂ ਵਿਚ ਵੀ ਤੁਹਾਨੂੰ ਵਸੀਅਤ ਕਰਨ ਬਾਰੇ ਕਾਨੂੰਨੀ ਸਲਾਹ ਲੈਣ ਦਾ ਵਿਚਾਰ ਕਰਨਾ ਚਾਹੀਦਾ ਹੈ:**

- ਜੇ ਤੁਹਾਡੀ ਮੌਤ ਮਗਰੋਂ ਜਾਇਦਾਦ ’ਤੇ ਕਈ ਲੋਕ ਆਪਣਾ ਹੱਕ ਜਤਾ ਸਕਦੇ ਹਨ ਕਿਉਂਕਿ ਉਹ ਤੁਹਾਡੇ ’ਤੇ ਨਿਰਭਰ ਹਨ;
- ਤੁਸੀਂ ਆਪਣੀ ਵਸੀਅਤ ਵਿਚ ਕੋਈ ਟ੍ਰਸਟ ਸ਼ਾਮਿਲ ਕਰਨਾ ਚਾਹੁੰਦੇ ਹੋ (ਸ਼ਾਇਦ ਆਪਣੇ ਬੱਚਿਆਂ ਦੀ ਮਦਦ ਕਰਨ ਲਈ, ਟੈਕਸ ਬਚਾਉਣ ਲਈ, ਜਾਂ ਸਿਰਫ਼ ਮੌਤ ਤੋਂ ਬਾਅਦ ਆਪਣੀ ਜਾਇਦਾਦ ਦੀ ਕਿਸੇ ਢੰਗ ਨਾਲ ਹਿਫ਼ਾਜ਼ਤ ਕਰਨ ਲਈ);
- ਤੁਹਾਡਾ ਸਥਾਈ ਘਰ ਯੂ ਕੇ ਵਿਚ ਨਹੀਂ, ਅਤੇ ਤੁਸੀਂ ਬ੍ਰਿਟਿਸ਼ ਨਾਗਰਿਕ ਨਹੀਂ;
- ਤੁਸੀਂ ਇਸ ਦੇਸ਼ ਵਿਚ ਰਹਿੰਦੇ ਹੋ, ਪਰ ਵਿਦੇਸ਼ਾਂ ਵਿਚ ਵੀ ਤੁਹਾਡੀ ਜਾਇਦਾਦ ਹੈ; ਜਾਂ
- ਤੁਸੀਂ ਕਿਸੇ ਪੂਰੇ ਕਾਰੋਬਾਰ ਦੇ ਇਹਦੇ ਕੁਝ ਹਿੱਸੇ ਦੇ ਮਾਲਿਕ ਹੋ।

ਵਸੀਅਤ ਕਰਨ ਮਗਰੋਂ ਜੇ ਤੁਹਾਡੇ ਹਾਲਾਤ ਵਿਚ ਕੁਝ ਤਬਦੀਲੀਆਂ ਆ ਜਾਣ - ਜਿਵੇਂ ਵਿਆਹ, ਸਿਵਿਲ ਪਾਰਟਨਰਸ਼ਿਪ, ਸਾਥੀ ਜਾਂ ਸਾਥਣ ਨਾਲੋਂ ਵੱਖ ਹੋ ਜਾਣਾ, ਤਲਾਕ ਜਾਂ ਤੁਹਾਡੀ ਸਿਵਿਲ ਪਾਰਟਨਰਸ਼ਿਪ (ਕਾਨੂੰਨੀ ਤੌਰ ’ਤੇ) ਖ਼ਤਮ ਹੋ ਜਾਣਾ - ਤਾਂ ਇਹਨਾਂ ਨਾਲ ਤੁਹਾਡੀ ਪਹਿਲੀ ਵਸੀਅਤ ਪੂਰੇ ਤੌਰ ’ਤੇ ਜਾਂ ਇਹਦੇ ਕੁਝ ਹਿੱਸੇ ਰੱਦ ਹੋ ਸਕਦੇ ਹਨ, ਜਾਂ ਨਾ-ਕਾਫ਼ੀ ਹੋ ਸਕਦੇ ਹਨ। ਇਹਦਾ ਮਤਲਬ ਹੈ ਕਿ ਤੁਹਾਨੂੰ ਆਪਣੀ ਜ਼ਿੰਦਗੀ ਦੀਆਂ ਵੱਡੀਆਂ ਤਬਦੀਲੀਆਂ ਅਨੁਸਾਰ ਬਾਕਾਇਦਾ ਆਪਣੀ ਵਸੀਅਤ ਬਾਰੇ ਮੁੜ-ਵਿਚਾਰ ਕਰਦੇ ਰਹਿਣਾ ਚਾਹੀਦਾ ਹੈ। ਤੁਹਾਡਾ ਸੋਲਿਸਟਰ ਤੁਹਾਨੂੰ ਦੱਸ ਸਕਦਾ ਹੈ ਕਿ ਵਸੀਅਤ ਨੂੰ ਨਵਾਂ ਰੂਪ ਦੇਣ ਲਈ ਕਿਹੜੀਆਂ ਤਬਦੀਲੀਆਂ ਕਰਨ ਦੀ ਲੋੜ ਪੈ ਸਕਦੀ ਹੈ।

## ਸੋਲਿਸਟਰ ਦੀ ਵਰਤੋਂ ਕਰਨਾ

ਭਾਵੇਂ ਤੁਸੀਂ ਕਿਸੇ ਸੋਲਿਸਟਰ ਦੀ ਮਦਦ ਤੋਂ ਬਿਨਾਂ ਵੀ ਵਸੀਅਤ ਕਰ ਸਕਦੇ ਹੋ, ਪਰ ਅਜਿਹਾ ਕਰਨ ਦੀ ਸਲਾਹ ਅਸੀਂ ਨਹੀਂ ਦਿੰਦੇ ਕਿਉਂਕਿ ਆਪਣੀ ਵਸੀਅਤ ਨੂੰ ਯਕੀਨੀ ਤੌਰ ’ਤੇ ਜਾਇਜ਼ ਬਣਾਉਣ ਲਈ ਤੁਹਾਨੂੰ ਕੁਝ ਕਾਨੂੰਨੀ ਨੁਕਤਿਆਂ ਦਾ ਪਤਾ ਹੋਣਾ ਚਾਹੀਦਾ ਹੈ। ਕਿਸੇ ਮਾਹਰ ਦੀ ਮਦਦ ਤੋਂ ਬਿਨਾਂ ਤੁਹਾਡੇ ਵਲੋਂ ਗ਼ਲਤੀ ਹੋ ਜਾਣ ਦਾ ਖ਼ਤਰਾ ਹੁੰਦਾ ਹੈ, ਜਿਹਦੇ ਨਾਲ ਤੁਹਾਡੀ ਮੌਤ ਤੋਂ ਮਗਰੋਂ ਤੁਹਾਡੇ ਪਰਿਵਾਰ ਜਾਂ ਦੋਸਤਾਂ ਲਈ ਮੁਸ਼ਕਿਲਾਂ ਖੜ੍ਹੀਆਂ ਹੋ ਸਕਦੀਆਂ ਹਨ।

## ਸੋਲਿਸਟਰ ਲੱਭਣਾ

ਜੇ ਤੁਹਾਨੂੰ ਵਸੀਅਤ ਕਰਨ ਦੀ ਲੋੜ ਹੈ, ਪਰ ਤੁਹਾਡੇ ਕੋਲ ਕੋਈ ਸੋਲਿਸਟਰ ਨਹੀਂ, ਤਾਂ ਤੁਸੀਂ ਵੈੱਬਸਾਈਟ www.lawsociety.org.uk/findasolicitor ’ਤੇ ਜਾ ਕੇ 'Wills and Probate' ਵਾਲਾ ਹਿੱਸਾ ਪੜ੍ਹੋ ਅਤੇ ਆਪਣੇ ਇਲਾਕੇ ਦੇ ਸੋਲਿਸਟਰਾਂ ਬਾਰੇ ਜਾਣਕਾਰੀ ਲਓ। ਜਾਂ ਤੁਸੀਂ ਲਾਅ ਸੁਸਾਇਟੀ ਨੂੰ ਨੰਬਰ 0870 606 2555 ’ਤੇ ਫ਼ੋਨ ਕਰਕੇ ਪੁੱਛ ਸਕਦੇ ਹੋ।

## ਤੁਹਾਡੇ ਸੋਲਿਸਟਰ ਨੂੰ ਕੀ ਕੁਝ ਜਾਨਣ ਦੀ ਲੋੜ ਪਏਗੀ

ਜਦ ਤੁਸੀਂ ਸੋਲਿਸਟਰ ਰੱਖੋਗੇ, ਤਾਂ ਉਹ ਤੁਹਾਡੇ ਕੋਲੋਂ ਹੇਠ ਲਿਖੀ ਜਾਣਕਾਰੀ ਮੰਗੇਗਾ:

### ਤੁਹਾਡੀ ਜਾਇਦਾਦ

ਤੁਹਾਡੀ ਪੂਰੀ ਜਾਇਦਾਦ ਬਾਰੇ ਜਾਣਕਾਰੀ, ਜਿਸ ਵਿਚ ਘਰ, ਕਾਰਾਂ, ਨਿਜੀ ਮੁੱਲਵਾਨ ਚੀਜ਼ਾਂ, ਸਟਾਕ ਅਤੇ ਸ਼ੇਅਰ, ਬੈਂਕ ਅਕਾਉਂਟ, ਇੰਸ਼ੋਅਰੈਂਸ ਪਾਲਿਸੀਆਂ, ਜੇ ਤੁਹਾਡਾ ਕੋਈ ਕਾਰੋਬਾਰ ਹੈ ਤਾਂ ਉਹ, ਅਤੇ ਪੈਨਸ਼ਨਾਂ।

### ਕਿਹਨੂੰ ਕੀ ਮਿਲੇ

ਤੁਸੀਂ ਇਹ ਜਾਇਦਾਦ ਕਿਹਦੇ ਲਈ ਛੱਡਣਾ ਚਾਹੁੰਦੇ ਹੋ? ਆਪਣੇ ਪਿਆਰਿਆਂ, ਦੋਸਤਾਂ ਅਤੇ ਚੈਰਿਟੀਆਂ ਵਿਚਕਾਰ ਤੁਸੀਂ ਜਾਇਦਾਦ ਦੀ ਵੰਡ ਕਿਸ ਢੰਗ ਨਾਲ ਕਰਨਾ ਚਾਹੁੰਦੇ ਹੋ? ਕੀ ਤੁਸੀਂ ਇਹਨਾਂ ਤੋਹਫ਼ਿਆਂ ਦੇ ਨਾਲ ਕੋਈ ਸ਼ਰਤਾਂ ਵੀ ਲਾਉਣਾ ਚਾਹੁੰਦੇ ਹੋ (ਜਿਵੇਂ ਕਿ ਜਿਹੜੇ ਪੈਸੇ ਤੁਸੀਂ ਨੌਜਵਾਨਾਂ ਲਈ ਛੱਡੇ ਹਨ ਉਹ ਕਿਸੇ ਖ਼ਾਸ ਉਮਰ ਦੇ ਹੋਣ ’ਤੇ ਉਹਨਾਂ ਨੂੰ ਹੀ ਮਿਲਣ)?

### ਪਰਿਵਾਰ ਅਤੇ ਲਾਭ ਉਠਾਉਣ ਵਾਲੇ ਹੋਰ ਲੋਕ

ਤੁਹਾਡੇ ਪਰਿਵਾਰ ਅਤੇ ਵਿਆਹੁਤਾ ਦਰਜੇ ਬਾਰੇ ਜਾਣਕਾਰੀ। ਕੀ ਤੁਹਾਡਾ ਤਲਾਕ ਹੋਇਆ ਹੈ, ਜਾਂ ਤੁਹਾਡੀ ਸਿਵਿਲ ਪਾਰਟਨਰਸ਼ਿਪ ਕਾਨੂੰਨੀ ਤੌਰ ’ਤੇ ਖ਼ਤਮ ਹੋ ਗਈ ਹੈ? ਜਾਂ ਕੀ ਤੁਹਾਡਾ ਦੁਬਾਰਾ ਵਿਆਹ ਹੋਇਆ ਹੈ ਜਾਂ ਤੁਸੀਂ ਕਿਸੇ ਸਾਥੀ ਨਾਲ ਵਿਆਹ ਕਰਵਾਏ ਜਾਂ ਸਿਵਿਲ ਪਾਰਟਰਸ਼ਿਪ ਬਣਾਏ ਬਿਨਾਂ ਰਹਿੰਦੇ ਹੋ? ਕੀ ਤੁਹਾਡੇ ਕੋਈ ਬੱਚੇ ਜਾਂ ਤੁਹਾਡੇ ’ਤੇ ਨਿਰਭਰ ਹੋਰ ਕੋਈ ਲੋਕ ਹਨ? ਤੁਹਾਡੇ ’ਤੇ ਨਿਰਭਰ ਕੋਈ ਵੀ ਵਿਅਕਤੀ ਜੇ ਇਹ ਸਮਝੇ ਕਿ ਤੁਸੀਂ ਉਹਦੇ ਗੁਜ਼ਾਰੇ ਲਈ ਕਾਫ਼ੀ ਧਨ ਨਹੀਂ ਛੱਡਿਆ ਤਾਂ ਉਹ ਅਦਾਲਤ ਨੂੰ ਆਖ ਸਕਦਾ ਹੈ ਕਿ ਤੁਹਾਡੀ ਵਸੀਅਤ ਬਾਰੇ ਮੁੜ-ਵਿਚਾਰ ਕੀਤਾ ਜਾਏ। ਜੇ ਤੁਸੀਂ ਆਪਣੇ ਸੋਲਿਸਟਰ ਨੂੰ ਸੰਬੰਧਤ ਜਾਣਕਾਰੀ ਦੇ ਦਿਓ ਤਾਂ ਉਹ ਤੁਹਾਨੂੰ ਕਿਸੇ ਵੀ ਕਾਨੂੰਨੀ ਝੰਜਟ ਬਾਰੇ ਦੱਸ ਸਕਦਾ ਹੈ।

### ਗਾਰਡੀਅਨ

ਜੇ ਤੁਹਾਡੀ ਮੌਤ ਵੇਲੇ 18 ਸਾਲ ਤੋਂ ਘੱਟ ਉਮਰ ਦੇ ਤੁਹਾਡੇ ਕੋਈ ਬੱਚੇ ਹੋਣ ਤਾਂ ਤੁਹਾਨੂੰ ਕਿਸੇ ਦਾ ਨਾਂ ਦੱਸਣ ਦੀ ਲੋੜ ਪਏਗੀ ਜੋ ਉਹਨਾਂ ਦਾ ਗਾਰਡੀਅਨ ਬਣ ਸਕੇ।

### ਹੋਰ ਇੱਛਾਵਾਂ

ਕੀ ਤੁਹਾਡੇ ਅੰਤਮ ਸੰਸਕਾਰ ਬਾਰੇ ਤੁਹਾਡੀਆਂ ਕੋਈ ਇੱਛਾਵਾਂ ਹਨ? ਕੀ ਤੁਸੀਂ ਆਪਣੇ ਸਰੀਰ ਨੂੰ ਦਫ਼ਨਾਉਣਾ ਚਾਹੁੰਦੇ ਹੋ ਜਾਂ ਉਹਦਾ ਦਾਹ ਸੰਸਕਾਰ ਕਰਨਾ? ਕੀ ਕੋਈ ਹੋਰ ਹਿਦਾਇਤਾਂ ਵੀ ਤੁਸੀਂ ਦੇਣੀਆਂ ਹਨ, ਜਿਵੇਂ ਕਿ, ਜੇ ਤੁਸੀਂ ਆਪਣੇ ਸਰੀਰ ਦਾ ਕੋਈ ਅੰਗ ਦਾਨ ਕਰਨਾ ਚਾਹੁੰਦੇ ਹੋ, ਤਾਂ ਇਹ ਗੱਲ ਵੀ ਤੁਹਾਡੀ ਵਸੀਅਤ ਵਿਚ ਸ਼ਾਮਿਲ ਕੀਤੀ ਜਾ ਸਕਦੀ ਹੈ, ਪਰ ਆਰਗਨ-ਡੋਨਰ (ਅੰਗਦਾਨ) ਰਜਿਸਟਰ ’ਤੇ ਵੀ ਇਹ ਗੱਲ ਲਿਖਣਾ ਅਤੇ ਆਰਗਨ-ਡੋਨਰ ਕਾਰਡ ਕੋਲ ਰੱਖਣਾ ਵੀ ਚੰਗੀ ਗੱਲ ਹੈ।

### ਤੁਹਾਡੀ ਵਸੀਅਤ ਨੂੰ ਲਾਗੂ ਕਰਨ ਵਾਲੇ (ਐਕਸੀਕਿਊਟਰਜ਼) ਕੌਣ ਹੋਣ

ਤੁਹਾਨੂੰ ਉਹਨਾਂ ਲੋਕਾਂ ਦੇ ਨਾਂ ਜ਼ਰੂਰ ਦੱਸਣੇ ਚਾਹੀਦੇ ਹਨ ਜਿਹਨਾਂ ਨੂੰ ਤੁਸੀਂ ਆਪਣੀ ਵਸੀਅਤ ਦੇ ‘ਐਕਸੀਕਿਊਟਰਜ਼’ ਬਣਾਉਣਾ ਚਾਹੁੰਦੇ ਹੋ - ਜਿਹੜੇ ਤੁਹਾਡੀ ਮੌਤ ਮਗਰੋਂ ਤੁਹਾਡੀ ਵਸੀਅਤ ਲਾਗੂ ਕਰਵਾਉਣ ਦਾ ਪ੍ਰਬੰਧ ਕਰਨਗੇ। ਇਹ ਲੋਕ, ਦੋਸਤ ਜਾਂ ਪਰਿਵਰ ਦੇ ਲੋਕ ਹੋ ਸਕਦੇ ਹਨ, ਜਾਂ ਤੁਹਾਡੇ ਸੋਲਿਸਟਰ ਵਰਗਾ ਕੋਈ ਕਾਰੋਬਾਰੀ ਮਾਹਰ ਹੋ ਸਕਦਾ ਹੈ। ਚੰਗੀ ਗੱਲ ਇਹ ਹੋਏਗੀ ਕਿ ਇਹਨਾਂ ਵਿਚ ਕੋਈ ਦੋਸਤ ਜਾਂ ਪਰਿਵਾਰ ਦਾ ਜੀਅ ਵੀ ਹੋਵੇ ਅਤੇ ਇਕ ਕਾਰੋਬਾਰੀ ਮਾਹਰ ਵੀ। ਚੰਗੀ ਗੱਲ ਇਹ ਹੋਏਗੀ ਕਿ ਤੁਸੀਂ ਕਿਸੇ ਅਜਿਹੇ ਵਿਅਕਤੀ ਨੂੰ ਚੁਣੋ ਜੋ ਮਾਲੀ ਮਸਲਿਆਂ ਦਾ ਮਾਹਰ ਹੋਵੇ। ਯਾਦ ਨਾਲ ਆਪਣੇ ਐਕਸੀਕਿਊਟਰਾਂ ਨੂੰ ਪੁੱਛ ਲਓ ਕਿ ਕੀ ਉਹ ਇਹ ਫ਼ਰਜ਼ ਨਿਭਾਉਣ ਲਈ ਤਿਆਰ ਹਨ ਕਿਉਂਕਿ ਇਸ ਕੰਮ ਵਿਚ ਲੰਮੇ ਸਮੇਂ ਦੀਆਂ ਜ਼ਿੰਮੇਦਾਰੀਆਂ ਸ਼ਾਮਿਲ ਹੋ ਸਕਦੀਆਂ ਹਨ, ਖ਼ਾਸ ਤੌਰ ’ਤੇ ਜੇ ਤੁਸੀਂ ਆਪਣੀ ਵਸੀਅਤ ਵਿਚ ਕੋਈ ਟ੍ਰਸਟ ਸ਼ਾਮਿਲ ਕੀਤਾ ਹੈ। ਆਪਣੇ ਨਾਲੋਂ ਘੱਟ ਉਮਰ ਦੇ ਕਿਸੇ ਵਿਅਕਤੀ ਨੂੰ ਆਖਣਾ ਚੰਗੀ ਗੱਲ ਹੈ।

## ਵਸੀਅਤ ’ਤੇ ਦਸਤਖ਼ਤ ਕਰਨਾ

ਵਸੀਅਤ ਤਿਆਰ ਹੋਣ ਮਗਰੋਂ ਇਹ ਤਦ ਤਕ ਅਸਰਦਾਈ ਨਹੀਂ ਬਣ ਸਕਦੀ ਜਦ ਤਕ ਇਹਦੇ ’ਤੇ ਦਸਤਖ਼ਤ ਨਾ ਕੀਤੇ ਜਾਣ। ਦਸਤਖ਼ਤ ਕਰਨ ਦੇ ਕਈ ਨਿਯਮ ਹਨ, ਅਤੇ ਜੇ ਇਹਨਾਂ ਨਿਯਮਾਂ ਦਾ ਠੀਕ ਢੰਗ ਨਾਲ ਪਾਲਣ ਨਾ ਕੀਤਾ ਜਾਏ ਤਾਂ ਤੁਹਾਡੀ ਵਸੀਅਤ ਨਾਜਾਇਜ਼ ਬਣ ਜਾਏਗੀ। ਮਿਸਾਲ ਵਜੋਂ, ਵਸੀਅਤ ਦੇ ਅਨੁਸਾਰ ਗਵਾਹ ਅਤੇ ਉਹਨਾਂ ਦੇ ਪਤੀ ਅਤੇ ਪਤਨੀਆਂ, ਅਤੇ ਸਿਵਿਲ ਪਾਰਟਨਰ ਵਸੀਅਤ ਤੋਂ ਕੋਈ ਲਾਭ ਨਹੀਂ ਉਠਾ ਸਕਦੇ। ਇਸ ਕਰਕੇ ਕਈ ਲੋਕ ਸੋਲਿਸਟਰ ਦੇ ਦਫ਼ਤਰ ਦੇ ਸਟਾਫ਼ ਨੂੰ ਗਵਾਹ ਬਣਾਉਂਦੇ ਹਨ।

# ਵਸੀਅਤ ਕਰਨ ਬਾਰੇ ਤੁਹਾਡੇ ਲਈ ਜਾਣਕਾਰੀ

The Law Society

## ਵਸੀਅਤ ਕਿੱਥੇ ਰੱਖੀ ਜਾਏ

ਵਸੀਅਤ ਨੂੰ ਕਿਸੇ ਸੁਰੱਖਿਅਤ ਥਾਂ 'ਤੇ ਰੱਖਣਾ ਚੰਗੀ ਗੱਲ ਹੈ, ਅਤੇ ਆਪਣੇ ਐਕਸੀਕਿਊਟਰਾਂ ਜਾਂ ਕਿਸੇ ਨਜ਼ਦੀਕੀ ਦੋਸਤ ਜਾਂ ਰਿਸ਼ਤੇਦਾਰ ਨੂੰ ਦੱਸ ਦਿਓ ਕਿ ਵਸੀਅਤ ਕਿੱਥੇ ਪਈ ਹੈ। ਲੋਕ ਅਕਸਰ ਵਸੀਅਤ ਦੀ ਸੰਭਾਲ ਲਈ ਆਪਣੇ ਸੋਲਿਸਟਰ ਨੂੰ ਆਖਦੇ ਹਨ। ਬਹੁਤ ਸਾਰੇ ਸੋਲਿਸਟਰ ਇਹ ਕੰਮ ਮੁਫ਼ਤ ਕਰਦੇ ਹਨ, ਪਰ ਕੁਝ ਸੋਲਿਸਟਰ ਥੋੜੀ ਜਿਹੀ ਫ਼ੀਸ ਵੀ ਲੈਂਦੇ ਹਨ।

## ਵਸੀਅਤ ਨੂੰ ਤਾਜ਼ੀ ਰੱਖਣਾ

ਤੁਹਾਨੂੰ ਆਪਣੀ ਵਸੀਅਤ ਬਾਰੇ ਹਰ ਪੰਜ ਸਾਲਾਂ ਵਿਚ ਘੱਟੋ ਘੱਟ ਇਕ ਵਾਰ ਮੁੜ-ਵਿਚਾਰ ਕਰਨਾ ਚਾਹੀਦਾ ਹੈ ਅਤੇ ਹਰ ਵੱਡੀ ਤਬਦੀਲੀ ਮਗਰੋਂ - ਜਿਵੇਂ ਕਿ ਵੱਖਰੇ ਰਹਿਣ ਲਗ ਜਾਣ, ਵਿਆਹ, ਤਲਾਕ, ਬੱਚੇ ਪੈਦਾ ਹੋਣ ਜਾਂ ਘਰ ਬਦਲਣ ਮਗਰੋਂ। ਹਰ ਵੱਡੀ ਤਬਦੀਲੀ ਮਗਰੋਂ ਨਵੀ ਵਸੀਅਤ ਤਿਆਰ ਕਰਨਾ ਸਭ ਤੋਂ ਚੰਗੀ ਗੱਲ ਹੈ। ਪਰ ਮੌਜੂਦਾ ਵਸੀਅਤ ਵਿਚ ਮਾਮੂਲੀ ਜਿਹੀਆਂ ਤਬਦੀਲੀਆਂ ਜਾਂ 'ਕੋਡਿਸਿਲਜ਼' (codicils) ਵੀ ਕੀਤੀਆਂ ਜਾ ਸਕਦੀਆਂ ਹਨ। ਦੋਹਾਂ ਹਾਲਤਾਂ ਵਿਚ ਕਿਸੇ ਸੋਲਿਸਟਰ ਤੋਂ ਸਲਾਹ ਲੈ ਲੈਣਾ ਚੰਗੀ ਗੱਲ ਹੈ।

## ਖ਼ਰਚ

ਵੱਖ ਵੱਖ ਵਕੀਲ ਵਸੀਅਤ ਤਿਆਰ ਕਰਨ ਦੀ ਫ਼ੀਸ ਵੱਖ ਵੱਖ ਲੈਂਦੇ ਹਨ। ਖ਼ਰਚ ਇਹਨਾਂ ਗੱਲਾਂ 'ਤੇ ਵੀ ਨਿਰਭਰ ਹੁੰਦਾ ਹੈ:

- ਸੋਲਿਸਟਰ ਦੀ ਜਾਣਕਾਰੀ ਅਤੇ ਤਜਰਬਾ; ਅਤੇ
- ਤੁਹਾਡੀ ਵਸੀਅਤ ਕਿੰਨੀ ਕੁ ਗੁੰਝਲਦਾਰ ਹੈ

ਸੋਲਿਸਟਰ ਦੀ ਚੋਣ ਕਰਨ ਤੋਂ ਪਹਿਲਾਂ, ਆਪਣੇ ਨੇੜੇ ਦੇ ਕੁਝ ਸੋਲਿਸਟਰਾਂ ਤੋਂ ਪਤਾ ਕਰੋ ਕਿ ਉਹਨਾਂ ਦੀ ਫ਼ੀਸ ਕਿੰਨੀ ਹੈ। ਪਰ ਯਾਦ ਰੱਖੋ ਕਿ ਸਿਰਫ਼ ਇਸੇ ਖ਼ਰਚ ਵਲ ਹੀ ਧਿਆਨ ਨਹੀਂ ਦੇਣਾ ਚਾਹੀਦਾ। ਅਜਿਹੇ ਸੋਲਿਸਟਰ ਕੋਲ ਜਾਣਾ ਵੀ ਬਹੁਤ ਜ਼ਰੂਰੀ ਹੈ ਜਿਹਦੇ ਤਕ ਪਹੁੰਚ ਕਰਨਾ ਸੌਖਾ ਹੋਵੇ ਅਤੇ ਜਿਹਦੀ ਗੱਲ ਤੁਸੀਂ ਸਮਝ ਸਕੋ।

## ਵਧੇਰੇ ਜਾਣਕਾਰੀ

ਇਹ ਪਰਚਾ ਸੋਲਿਸਟਰਾਂ ਵਲੋਂ ਦਿੱਤੀਆਂ ਜਾਣ ਵਾਲੀਆਂ ਆਮ ਕਾਨੂੰਨੀ ਸੇਵਾਵਾਂ ਬਾਰੇ ਪਰਚਿਆਂ ਦੀ ਲੜੀ ਵਿਚੋਂ ਇਕ ਪਰਚਾ ਹੈ। ਇਸ ਲੜੀ ਦੇ ਹੋਰ ਪਰਚਿਆਂ ਦੀ ਲਿਸਟ ਹੇਠਾਂ ਦਿੱਤੀ ਗਈ ਹੈ। ਇਹ ਪਰਚੇ ਤੁਸੀਂ ਆਪਣੇ ਸੋਲਿਸਟਰ ਤੋਂ ਲੈ ਸਕਦੇ ਹੋ ਜਾਂ ਲਾਅ ਸੁਸਾਇਟੀ ਨੂੰ ਫ਼ੋਨ ਨੰਬਰ 0870 3333 084 'ਤੇ ਫ਼ੋਨ ਕਰਕੇ ਮੰਗਵਾ ਸਕਦੇ ਹੋ।

- ਘਰ ਖ਼ਰੀਦਣ ਬਾਰੇ ਤੁਹਾਡੇ ਲਈ ਜਾਣਕਾਰੀ
- ਤਲਾਕ ਲੈਣ ਬਾਰੇ ਤੁਹਾਡੇ ਲਈ ਜਾਣਕਾਰੀ
- ਕੰਮ 'ਤੇ ਆਉਣ ਵਾਲੀਆਂ ਮੁਸ਼ਕਿਲਾਂ ਬਾਰੇ ਤੁਹਾਡੇ ਲਈ ਜਾਣਕਾਰੀ
- ਕਾਰੋਬਾਰ ਸ਼ੁਰੂ ਕਰਨ ਬਾਰੇ ਤੁਹਾਡੇ ਲਈ ਜਾਣਕਾਰੀ
- ਨਿਜੀ ਸੱਟ ਚੋਟ ਦਾ ਮੁਆਵਜ਼ਾ ਮੰਗਣ ਬਾਰੇ ਤੁਹਾਡੇ ਲਈ ਜਾਣਕਾਰੀ
- ਬਜ਼ੁਰਗ ਲੋਕਾਂ ਦੇ ਮਾਲੀ ਮਸਲਿਆਂ ਬਾਰੇ ਤੁਹਾਡੇ ਲਈ ਜਾਣਕਾਰੀ
- ਆਪਣੇ ਸਾਥੀ ਜਾਂ ਸਾਥਣ ਨਾਲ ਘਰ ਬਾਰ ਬਣਾਉਣ ਬਾਰੇ ਤੁਹਾਡੇ ਲਈ ਜਾਣਕਾਰੀ
- ਆਪਣਾ ਮਕਾਨ ਕਿਰਾਏ 'ਤੇ ਦੇਣ ਬਾਰੇ ਤੁਹਾਡੇ ਲਈ ਜਾਣਕਾਰੀ
- ਘਰ ਕਿਰਾਏ 'ਤੇ ਲੈਣ ਬਾਰੇ ਤੁਹਾਡੇ ਲਈ ਜਾਣਕਾਰੀ
- ਸੋਲਿਸਟਰ ਦੀ ਵਰਤੋਂ ਕਰਨ ਬਾਰੇ ਤੁਹਾਡੇ ਲਈ ਜਾਣਕਾਰੀ
- ਪ੍ਰੋਬੇਟ (ਵਸੀਅਤ ਦੀ ਸਰਕਾਰੀ ਤਸਦੀਕ) ਬਾਰੇ ਤੁਹਾਡੇ ਲਈ ਜਾਣਕਾਰੀ
- ਅਸਾਈਲਮ (ਪਨਾਹ) ਲਈ ਅਰਜ਼ੀ ਦੇਣ ਬਾਰੇ ਤੁਹਾਡੇ ਲਈ ਜਾਣਕਾਰੀ

**ਇਹ ਪਰਚਾ ਤੁਸੀਂ ਵੱਡੇ ਅੱਖਰਾਂ ਜਾਂ ਬ੍ਰੇਲ ਵਿਚ, ਸੁਣਨ ਵਾਲੀ ਟੇਪ 'ਤੇ ਅਤੇ ਸੀ ਡੀ 'ਤੇ ਵੀ ਮੰਗਵਾ ਸਕਦੇ ਹੋ। ਜੇ ਇਹ ਪਰਚਾ ਤੁਹਾਨੂੰ ਇਹਨਾਂ ਵਿਚੋਂ ਕਿਸੇ ਵੀ ਰੂਪ ਵਿਚ ਚਾਹੀਦਾ ਹੈ, ਤਾਂ ਕਿਰਪਾ ਕਰਕੇ ਸਾਡੇ ਨਾਲ ਇਸ ਈਮੇਲ ਪਤੇ 'ਤੇ ਸੰਪਰਕ ਕਰੋ accessibility@lawsociety.org.uk ਜਾਂ ਸਾਨੂੰ ਨੰਬਰ 0870 606 2555 'ਤੇ ਫ਼ੋਨ ਕਰੋ।**

**ਇਹ ਪਰਚਾ ਤੁਸੀਂ ਵੱਖ ਵੱਖ ਭਾਸ਼ਾਵਾਂ ਵਿਚ ਵੀ ਪੜ੍ਹ ਸਕਦੇ ਹੋ। ਇਹਦੇ ਲਈ ਤੁਸੀਂ ਸਾਡੀ ਇਸ ਵੈੱਬਸਾਈਟ 'ਤੇ ਜਾਓ - www.lawsociety.org.uk.**

Lexcel

Look for Lexcel - the mark of excellence

The Law Society 113 Chancery Lane London WC2A 1PL ਫ਼ੋਨ - 020 7242 1222 www.lawsociety.org.uk

ਭਾਵੇਂ ਅਸੀਂ ਸਹੀ ਜਾਣਕਾਰੀ ਦੇਣ ਦੀ ਪੂਰੀ ਕੋਸ਼ਿਸ਼ ਕੀਤੀ ਹੈ, ਪਰ ਕਾਨੂੰਨ ਸਦਾ ਬਦਲਦਾ ਰਹਿੰਦਾ ਹੈ, ਅਤੇ ਇਹਦਾ ਅਸਰ ਹਰ ਵਿਅਕਤੀ 'ਤੇ ਵੱਖ ਵੱਖ ਤਰ੍ਹਾਂ ਪੈਂਦਾ ਹੈ। ਇਹ ਪਰਚਾ ਤੁਹਾਡੇ ਬਾਰੇ ਖ਼ਾਸ ਨਿਜੀ ਸਲਾਹ ਦੀ ਥਾਂ ਨਹੀਂ ਲੈ ਸਕਦਾ, ਅਤੇ ਜੇ ਤੁਸੀਂ ਇਸ ਪਰਚੇ 'ਤੇ ਹੀ ਨਿਰਭਰ ਰਹੋ, ਤਾਂ ਅਸੀਂ ਤੁਹਾਡੇ ਲਈ ਜ਼ਿੰਮੇਦਾਰ ਨਹੀਂ ਹੋਵਾਂਗੇ।

Designed by dmlmarketing.co.uk Version 2, 2007 Your guide to making a will - Punjabi